**ਅੰਤਿਕਾ**

# ਪ੍ਰਾਇਮਰੀ ਵਨ ਦਾਖਿਲਾ ਪ੍ਰਣਾਲੀ (Primary One Admission)
# (ਸਤੰਬਰ 2025 ਵਿੱਚ ਪ੍ਰਾਇਮਰੀ ਵਨ ਲਈ ਦਾਖਿਲਾ)
## ਸੂਚਨਾ ਨੋਟ

ਪ੍ਰਾਇਮਰੀ ਵਨ ਦਾਖਿਲਾ ਪ੍ਰਣਾਲੀ (Primary One Admission) (POA) ਨੂੰ ਦੋ ਪੜਾਆਂ ਵਿੱਚ ਵੰਡਿਆ ਗਿਆ ਹੈ: "ਵਿਵੇਕਸ਼ੀਲ ਸਥਾਨਾਂ ਵਿੱਚ ਦਾਖਿਲਾ" ("Discretionary Places Admission") ਪੜਾਅ ਅਤੇ "ਕੇਂਦਰੀ ਵੰਡ" ("Central Allocation") ਪੜਾਅ।

## (I) ਵਿਵੇਕਸ਼ੀਲ ਸਥਾਨਾਂ ਵਿੱਚ ਦਾਖਿਲਾ (Discretionary Places Admission) ਪੜਾਅ

- ਮਾਤਾ-ਪਿਤਾ **18 ਨਵੰਬਰ 2024 ਨੂੰ ਸਵੇਰੇ 10** ਬੱਜੇ ਤੋਂ POA ਈ-ਪਲੇਟਫਾਰਮ (ePOA) ਦੇ ਰਾਹੀਂ ਵਿਵੇਕਸ਼ੀਲ ਸਥਾਨਾਂ (discretionary places admission) ਦੇ ਦਾਖਲੇ ਦੇ ਨਤੀਜਿਆਂ ਨੂੰ ਵੇਖ ਸਕਦੇ ਹਨ। ਸਾਰੇ ਸਰਕਾਰੀ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਦੁਆਰਾ ਵੀ ਨਤੀਜੇ ਉਸੇ ਦਿਨ ਜਾਰੀ ਕੀਤੇ ਜਾਣਗੇ। ਸਫਲ ਬਿਨੈਕਾਰਾਂ ਦੇ ਨਾਮ ਸੰਬੰਧਿਤ ਸਕੂਲ ਵਿੱਚ ਪੋਸਟ ਕਰ ਦਿੱਤੇ ਜਾਣਗੇ।
- ਮਾਪਿਆਂ ਨੂੰ ਆਪਣੇ ਬੱਚੇ ਨੂੰ **20 ਜਾਂ 21 ਨਵੰਬਰ 2024** ਨੂੰ ਸਕੂਲ ਵਿੱਚ ਰਜਿਸਟਰ ਕਰਨਾ ਚਾਹੀਦਾ ਹੈ। ਨਿਰਧਾਰਿਤ ਮਿਆਦ ਦੇ ਅੰਦਰ ਸਕੂਲ ਨਾਲ ਰਜਿਸਟਰ ਨਾ ਹੋਣ ਕਾਰਨ ਉਨ੍ਹਾਂ ਦੇ ਵੰਡੇ ਗਏ ਵਿਵੇਕਸ਼ੀਲ ਸਥਾਨਾਂ (discretionary place) ਨੂੰ ਜ਼ਬਤ ਕਰ ਲਿਆ ਜਾਵੇਗਾ। ਜੇਕਰ ਅਜਿਹਾ ਹੁੰਦਾ ਹੈ ਕਿ 2025/2026 ਸਕੂਲੀ ਸਾਲ ਵਿੱਚ ਸਕੂਲ ਕੋਈ ਵੀ ਸਬਸਿਡੀ ਵਾਲੀ P1 ਕਲਾਸ ਨਹੀਂ ਚਲਾਉਂਦਾ, ਤਾਂ ਸਿੱਖਿਆ ਬਿਊਰੋ (Education Bureau) (EDB) ਦੁਆਰਾ "ਵਿਵੇਕਸ਼ੀਲ ਸਥਾਨਾਂ ਵਿੱਚ ਦਾਖਿਲਾ" ("Discretionary Places Admission") ਪੜਾਅ ਦੌਰਾਨ ਸਕੂਲ ਦੁਆਰਾ ਦਾਖਿਲ ਕੀਤੇ ਵਿਦਿਆਰਥੀਆਂ ਲਈ ਵਿਕਲਪਿਕ P1 ਸਥਾਨਾਂ ਦਾ ਪ੍ਰਬੰਧ ਕੀਤਾ ਜਾਵੇਗਾ।

## (II) ਕੇਂਦਰੀ ਵੰਡ (Central Allocation) ਪੜਾਅ

(a) ਭਾਗੀਦਾਰੀ

- ਉਹ ਬੱਚੇ ਜਿਨ੍ਹਾਂ ਨੂੰ ਵਿਵੇਕਸ਼ੀਲ ਸਥਾਨ (discretionary place) ਦੀ ਪੇਸ਼ਕਸ਼ ਨਹੀਂ ਕੀਤੀ ਗਈ ਹੈ ਉਹ ਕੇਂਦਰੀ ਵੰਡ (Central Allocation) ਵਿੱਚ ਹਿੱਸਾ ਲੈਣਗੇ।
- ਮਾਪਿਆਂ ਨੂੰ EDB **ਦੁਆਰਾ 13 ਤੋਂ 19 ਜਨਵਰੀ 2025 (ਰਾਤੀ 11:59 ਤੱਕ)** ਨੂੰ ePOA ਦੇ ਰਾਹੀਂ ਸਕੂਲ ਚੋਣ ਫਾਰਮ (Choice of Schools Form) ਜਮਾ ਕਰਨ ਜਾਂ **18 ਤੋਂ 19 ਜਨਵਰੀ 2025** ਨੂੰ ਨਿਰਧਾਰਿਤ ਕੇਂਦਰੀ ਵੰਡ (Central Allocation) ਕੇਂਦਰ ਤੇ ਸਕੂਲ ਦੀ ਚੋਣ ਕਰਨ ਲਈ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇਗਾ।
- ਮਾਪੇ 2 ਸ਼੍ਰੇਣੀਆਂ ਦੇ ਅਧੀਨ ਸਕੂਲਾਂ ਦੀ ਚੋਣ ਕਰਨਗੇ:

  ਭਾਗ A
  - ਕੇਂਦਰੀ ਵੰਡ (Central Allocation) ਲਈ ਇੱਕ ਸਕੂਲ ਦੇ P1 ਸਥਾਨਾਂ ਚੋਂ 10% ਇਸ ਭਾਗ ਲਈ ਰੱਖੇ ਗਏ ਹਨ।
  - ਮਾਪੇ ਕਿਸੇ ਵੀ ਸਕੂਲ ਨੈੱਟ ਤੋਂ 3 ਸਕੂਲ ਚੁਣ ਸਕਦੇ ਹਨ।

  ਭਾਗ B
  - ਕੇਂਦਰੀ ਵੰਡ (Central Allocation) ਲਈ ਇੱਕ ਸਕੂਲ ਦੇ P1 ਸਥਾਨਾਂ ਚੋਂ 90% ਇਸ ਭਾਗ ਲਈ ਰੱਖੇ ਗਏ ਹਨ।
  - ਮਾਪਿਆਂ ਨੂੰ ਆਪਣੇ ਘਰੇਲੂ ਨੈੱਟ ਵਿੱਚੋਂ ਸਕੂਲ ਨੂੰ ਚੁਣਨਾ ਚਾਹੀਦਾ ਹੈ*।

(b) ਕੇਂਦਰੀ ਵੰਡ (Central Allocation) ਦੇ ਨਤੀਜਿਆਂ ਦਾ ਪ੍ਰਕਾਸ਼ਨ

- ਮਾਤਾ-ਪਿਤਾ ePOA ਰਾਹੀਂ 4 ਜੂਨ 2025 ਨੂੰ ਸਵੇਰੇ 10 ਵਜੇ ਤੋਂ ਕੇਂਦਰੀ ਵੰਡ (Central Allocation) ਦੇ ਨਤੀਜਿਆਂ ਨੂੰ ਵੇਖ ਸਕਦੇ ਹਨ। ਇਸਤੋਂ ਇਲਾਵਾ ਕੇਂਦਰੀ ਵੰਡ (Central Allocation) ਦੇ ਨਤੀਜਿਆਂ ਦੇ ਨਾਲ 'ਪ੍ਰਾਇਮਰੀ ਵਨ ਰਜਿਸਟ੍ਰੇਸ਼ਨ ਫਾਰਮ' ('Primary One Registration Form') ਮਾਪਿਆਂ ਨੂੰ 4 ਜੂਨ ਤੋਂ 5 ਜੂਨ 2025 ਤੱਕ POA ਅਰਜ਼ੀ ਫਾਰਮ ਵਿੱਚ ਦਿੱਤੇ ਗਏ ਪੱਤਰ ਵਿਹਾਰ ਦੇ ਪਤੇ ਤੇ ਹਾਂਗ ਕਾਂਗ ਪੋਸਟ (HongKong Post) ਦੁਆਰਾ ਮੁਹੱਈਆ ਕੀਤੀ ਗਈ 'ਲੋਕਲ ਕੁਰੀਅਰਪੋਸਟ' ('Local CourierPost') ਸੇਵਾ ਦੁਆਰਾ ਮਾਪਿਆਂ ਨੂੰ ਘਰ-ਘਰ ਵੰਡਿਆ ਜਾਵੇਗਾ। ਜੇਕਰ ਹਾਂਗ ਕਾਂਗ ਪੋਸਟ (Hongkong Post) ਦੁਆਰਾ ਘਰ ਤੇ ਡਿਲਿਵਰੀ ਕਰਨ ਦੀ ਕੋਸ਼ਿਸ਼ ਅਸਫਲ ਰਹਿੰਦੀ ਹੈ, ਤਾਂ ਮਾਪਿਆਂ ਲਈ 'ਮੇਲ ਕਲੈਕਸ਼ਨ ਨੋਟੀਫਿਕੇਸ਼ਨ ਕਾਰਡ' ('Mail Collection Notification Card') ਛੱਡ ਦਿੱਤੀ ਜਾਵੇਗੀ, ਜਿਸਨੂੰ ਮਾਪੇ ਅਗਲੇ ਕੰਮਕਾਜ ਵਾਲੇ ਦਿਨ ਦੁਪਹਿਰ ਤੋਂ ਨਿਰਧਾਰਿਤ ਡਾਕਘਰ ਤੋਂ ਇਕੱਠਾ ਕਰ ਸਕਣਗੇ। ਜੇਕਰ ਮਾਪਿਆਂ ਨੇ 6 ਜੂਨ 2025 ਤੱਕ ਹਾਂਗਕਾਂਗ ਪੋਸਟ ਦੁਆਰਾ ਜਾਰੀ ਕੀਤਾ "ਪ੍ਰਾਇਮਰੀ ਵਨ ਰਜਿਸਟ੍ਰੇਸ਼ਨ ਫਾਰਮ" ('Primary One Registration Form') ਜਾਂ 'ਮੇਲ ਕਲੈਕਸ਼ਨ ਨੋਟੀਫਿਕੇਸ਼ਨ ਕਾਰਡ' ('Mail Collection Notification Card') ਪ੍ਰਾਪਤ ਨਹੀਂ ਕੀਤਾ ਹੈ, ਤਾਂ ਉਹ "ਪ੍ਰਾਇਮਰੀ ਵਨ ਰਜਿਸਟ੍ਰੇਸ਼ਨ ਫਾਰਮ" ('Primary One Registration Form') ਨੂੰ 7 ਜੂਨ ਤੋਂ 8 ਜੂਨ 2025 ਤੱਕ ਨਿਰਧਾਰਤ 'ਸੰਗ੍ਰਹਿ ਕੇਂਦਰ' ('Collection Centre') 'ਤੋਂ ਲੈ ਕਰ ਸਕਦੇ ਹਨ (ਕਿਰਪਾ ਕਰਕੇ ਨਵੀਨਤਮ ਪ੍ਰਬੰਧਾਂ ਲਈ EDB POA ਵੈੱਬਸਾਈਟ ਵੇਖੋ)। ਜੇਕਰ ਮਾਪਿਆਂ ਨੇ ਸਕੂਲ ਚੋਣ ਫਾਰਮ (Choice of Schools Form) ਤੇ ਮੋਬਾਈਲ ਫ਼ੋਨ

ਨੰਬਰ ਦਿੱਤਾ ਹੈ ਅਤੇ ਇਸ ਮੋਬਾਈਲ ਫ਼ੋਨ ਨੰਬਰ ਰਾਹੀਂ ਕੇਂਦਰੀ ਵੰਡ (Central Allocation) ਨਤੀਜੇ ਪ੍ਰਾਪਤ ਕਰਨ ਲਈ ਆਪਣੀ ਸਹਿਮਤੀ ਦਰਸਾਈ ਹੈ, ਤਾਂ ਉਹ 4 ਜੂਨ ਨੂੰ ਐਸ.ਐਮ.ਐਸ (SMS) ਸੰਦੇਸ਼ ਰਾਹੀਂ ਵੀ ਨਤੀਜਾ ਪ੍ਰਾਪਤ ਕਰ ਸਕਦੇ ਹਨ।)

- ਮਾਪਿਆਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਬੱਚੇ ਨੂੰ ਨਿਰਧਾਰਤ ਸਕੂਲ ਵਿੱਚ ਰਜਿਸਟਰ ਕਰਨਾ ਚਾਹੀਦਾ ਹੈ।

## (III) ਪੁੱਛ-ਗਿੱਛ

POA ਪ੍ਰਣਾਲੀ ਬਾਰੇ ਪੁੱਛਗਿੱਛ ਲਈ, ਕ੍ਰਿਪਾ ਕਰਕੇ School Places Allocation Section, EDB ਦੇ Mr Jimmy WAN (ਫੋਨ: 2832 7640) ਜਾਂ Mr Esther CHAN (ਫੋਨ: 2832 7636) ਨਾਲ ਸੰਪਰਕ ਕਰੋ।

* NCS ਬਿਨੈਕਾਰ ਬੱਚਿਆਂ ਦੇ ਮਾਪਿਆਂ/ਸਰਪ੍ਰਸਤਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹਨਾਂ ਨੂੰ ਚੀਨੀ ਭਾਸ਼ਾ ਸਿੱਖਣ ਅਤੇ ਸਮਾਜ ਵਿੱਚ ਏਕੀਕ੍ਰਿਤ ਕਰਨ ਵਿੱਚ ਸਹਾਇਤਾ ਕਰਨ ਲਈ ਚੀਨੀ ਭਾਸ਼ਾ ਦੇ ਮਾਹੌਲ ਵਾਲੇ ਸਕੂਲ ਦੀ ਚੋਣ ਕਰਨ। ਜ਼ਿਆਦਾਤਰ ਜਨਤਕ ਖੇਤਰ ਦੇ ਸਕੂਲ, ਬਿਨੈਕਾਰ ਬੱਚਿਆਂ ਦੇ ਸਥਾਨਕ ਸਕੂਲੀ ਨੈੱਟਾਂ ਵਿੱਚ ਦਿੱਤੀ ਸਕੂਲਾਂ ਦੀ ਸੂਚੀ ਸਮੇਤ, ਵਿੱਚ ਚੀਨੀ ਭਾਸ਼ਾ ਦਾ ਮਾਹੌਲ ਹੈ। ਵਿਅਕਤੀਗਤ ਸਕੂਲਾਂ ਦੁਆਰਾ NCS ਵਿਦਿਆਰਥੀਆਂ ਲਈ ਪ੍ਰਦਾਨ ਕੀਤੀ ਜਾਣ ਵਾਲੀ ਸਕੂਲ ਆਧਾਰਿਤ ਸਹਾਇਤਾ ਲਈ, ਕ੍ਰਿਪਾ ਕਰਕੇ ਪ੍ਰਾਇਮਰੀ ਸਕੂਲ ਪ੍ਰੋਫਾਇਲ (Primary School Profiles) (https://www.chsc.hk/primary/en) ਵਿੱਚ ਹੋਮ-ਸਕੂਲ ਸਹਿਕਾਰਤਾ ਸਮਿਤੀ (Committee on Home-School Co-operation) ਦੁਆਰਾ ਪ੍ਰਕਾਸ਼ਿਤ "NCS ਵਿਦਿਆਰਥੀਆਂ ਲਈ ਸਿੱਖਿਆ ਸਹਿਯੋਗ" ("Education Support for NCS Students") ਦੇ ਕਾਲਮ ਨੂੰ ਵੇਖੋ। ਉਪਰੋਕਤ ਦੇ ਸੰਬੰਧ ਵਿੱਚ, ਜੇਕਰ ਮਾਪਿਆਂ/ਸਰਪ੍ਰਸਤਾਂ ਨੂੰ ਲੱਗਦਾ ਹੈ ਕਿ ਬਿਨੈਕਾਰ ਬੱਚਿਆਂ ਨੂੰ ਅਜੇ ਵੀ ਇਸ ਪੜਾਅ 'ਤੇ ਚੀਨੀ ਭਾਸ਼ਾ ਦੇ ਮਾਹੌਲ ਵਾਲੇ ਸਕੂਲ ਵਿੱਚ ਪੜ੍ਹਨ ਵਿੱਚ ਮੁਸ਼ਕਿਲ ਆ ਸਕਦੀ ਹੈ, ਅਤੇ ਕੇਂਦਰੀ ਵੰਡ (Central Allocation) ਦੇ ਲਈ ਸਕੂਲ ਚੋਣ ਫਾਰਮ (Choice of Schools Forms) ਦੇ ਭਾਗ B ਨੂੰ ਭਰਦੇ ਸਮੇਂ ਬਿਨੈ-ਪੱਤਰ 'ਤੇ ਸੰਕੇਤ ਦਿੰਦੇ ਹਨ ਕਿ ਬਿਨੈਕਾਰ ਬੱਚਾ ਸਿੱਖਣ ਦੇ ਲਈ ਚੀਨੀ ਦੀ ਵਰਤੋਂ ਨਹੀਂ ਕਰ ਸਕਦਾ ਹੈ, ਤਾਂ ਉਹ ਬਿਨੈਕਾਰ ਬੱਚਿਆਂ ਦੇ ਮੌਜੂਦਾ ਸਕੂਲ ਨੈੱਟ ਵਿੱਚ ਸਕੂਲਾਂ ਦੀ ਸੂਚੀ ਵਿਚੋਂ ਚੋਣ ਕਰ ਸਕਦੇ ਹਨ ਅਤੇ ਰਵਾਇਤੀ ਤੌਰ 'ਤੇ ਅੰਤਿਕਾ 3 ਵਿੱਚ ਵਧੇਰੇ NCS ਵਿਦਿਆਰਥੀਆਂ ਨੂੰ ਸਵੀਕਾਰ ਕਰਨ ਵਾਲੇ ਸਕੂਲਾਂ ਦੀ ਸੂਚੀ ਵਿੱਚ POA 2025 ਲਈ ਪ੍ਰਾਇਮਰੀ ਵਨ ਵਿੱਚ ਦਾਖਿਲੇ ਲਈ ਅਰਜ਼ੀ ਫਾਰਮਾ ਨੂੰ ਕਿਵੇਂ ਪੂਰਾ ਕਰਨਾ ਹੈ (Notes on How to Complete the 'Application Form for Admission to Primary One'), ਇਸ 'ਤੇ ਨੋਟ ਦਾ ਹਵਾਲਾ ਲੈ ਸਕਦੇ ਹਨ।

[ਅੰਗਰੇਜ਼ੀ ਅਤੇ ਨੇਪਾਲੀ / ਉਰਦੂ । ਹਿੰਦੀ / ਤਾਗਾਲੋਗ / ਥਾਈ | ਬਹਾਸਾ ਇੰਡੋਨੇਸ਼ੀਆ / ਪੰਜਾਬੀ (ਭਾਰਤੀ) / ਵੀਅਤਨਾਮੀ ਸੰਸਕਰਣਾਂ ਵਿੱਚ ਅੰਤਰ ਹੋਣ ਦੇ ਮਾਮਲੇ ਵਿੱਚ, ਅੰਗਰੇਜ਼ੀ ਰੂਪਾਂਤਰ ਲਾਗੂ ਹੋਵੇਗਾ ਅਤੇ ਪ੍ਰਬਲ ਹੋਵੇਗਾ।]